ਲਿਥੁਆਨੀਆ

Reception and Integration Agency

euaa EUROPEAN UNION AGENCY FOR ASYLUM

# ਰਿਸੈਪਸ਼ਨ 'ਤੇ ਤੁਹਾਡੇ ਅਧਿਕਾਰ ਅਤੇ ਜ਼ਿੰਮੇਵਾਰੀਆਂ



ਇਹ ਜਾਣਕਾਰੀ ਤੁਹਾਡੇ ਲਈ ਹੈ ਜੇਕਰ:

- ਤੁਹਾਡੀ ਉਮਰ 18 ਸਾਲ ਤੋਂ ਘੱਟ ਹੈ
- ਤੁਸੀਂ ਆਪਣੇ ਮਾਪਿਆਂ ਵਿੱਚੋਂ ਇੱਕ ਜਾਂ ਦੋਵਾਂ ਨਾਲ ਆਏ ਹੋ
- ਤੁਸੀਂ ਅਤੇ ਤੁਹਾਡੇ ਪਰਿਵਾਰ ਨੇ **ਲਿਥੁਆਨੀਆ** ਵਿੱਚ ਸ਼ਰਨ (ਜਿਸਨੂੰ ਅੰਤਰਰਾਸ਼ਟਰੀ ਸੁਰੱਖਿਆ ਵੀ ਕਿਹਾ ਜਾਂਦਾ ਹੈ) ਲਈ ਅਰਜ਼ੀ ਦੇਣਾ ਚਾਹੁੰਦੇ ਹੋ।

PUNJABI

# ਵਿਸ਼ਾ-ਸੂਚੀ


ਤੁਸੀਂ ਅਤੇ ਤੁਹਾਡਾ ਪਰਿਵਾਰ ਇਸ ਦੇਸ਼ ਵਿੱਚ ਸੁਰੱਖਿਅਤ ਹੋ 3

ਤੁਹਾਡੀ ਮਦਦ ਕੌਣ ਕਰ ਸਕਦਾ ਹੈ? 3

ਤੁਸੀਂ ਅਤੇ ਤੁਹਾਡਾ ਪਰਿਵਾਰ ਕੀ ਪ੍ਰਾਪਤ ਕਰੋਗੇ? 4

ਸਿਹਤ ਸੰਭਾਲ ਦਾ ਅਧਿਕਾਰ 6

ਸਟਾਫ਼ ਨੂੰ ਸੂਚਿਤ ਕਰੋ 7

ਹਿੱਤਾਂ ਦਾ ਸਭ ਤੋਂ ਵਧੀਆ ਮੁਲਾਂਕਣ ਕੀ ਹੈ? 8

ਸਿੱਖਿਆ ਦਾ ਅਧਿਕਾਰ 8

ਕੰਮ ਕਰਨ ਦਾ ਅਧਿਕਾਰ 9

ਤੁਹਾਡਾ ਸ਼ਰਨ ਮੰਗਣ ਲਈ ਦਸਤਾਵੇਜ਼ 9

ਤੁਸੀਂ ਅਤੇ ਤੁਹਾਡਾ ਪਰਿਵਾਰ ਕਿੱਥੇ ਰਹੋਗੇ? 10

ਜੇ ਕੋਈ ਤੁਹਾਡੇ ਨਾਲ ਬੁਰਾ ਵਿਵਹਾਰ ਕਰਦਾ ਹੈ ਤਾਂ ਤੁਸੀਂ ਕੀ ਕਰ ਸਕਦੇ ਹੋ? 11

ਤੁਹਾਡੇ ਅਤੇ ਤੁਹਾਡੇ ਪਰਿਵਾਰ ਦੀਆਂ ਕਿਹੜੀਆਂ ਰਿਸੈਪਸ਼ਨ ਜ਼ਿੰਮੇਵਾਰੀਆਂ ਹਨ? 12

ਜੇਕਰ ਤੁਸੀਂ ਜਾਂ ਤੁਹਾਡਾ ਪਰਿਵਾਰ ਆਪਣੀਆਂ [ਬਹੁਵਚਨ] ਜ਼ਿੰਮੇਵਾਰੀਆਂ ਦੀ ਪਾਲਣਾ ਨਹੀਂ ਕਰਦੇ ਤਾਂ ਕੀ ਹੁੰਦਾ ਹੈ? 13

ਸ਼ਰਨ ਲਈ ਅਰਜ਼ੀ ਦੇਣ ਅਤੇ EU+ ਦੇਸ਼ਾਂ ਵਿੱਚ ਯਾਤਰਾ ਕਰਨ ਦੇ ਨਿਯਮ 14

ਜੇਕਰ ਤੁਸੀਂ ਅਤੇ ਤੁਹਾਡਾ ਪਰਿਵਾਰ EU+ ਦੇਸ਼ਾਂ ਵਿੱਚੋਂ ਕਿਸੇ ਇੱਕ ਵਿੱਚ ਭੱਜ ਜਾਂਦੇ ਹੋ ਤਾਂ ਕੀ ਹੁੰਦਾ ਹੈ? 15

ਜੇਕਰ ਤੁਸੀਂ [ਬਹੁਵਚਨ] ਅਫ਼ਸਰਾਂ ਦੁਆਰਾ ਕੀਤੇ ਗਏ ਫੈਸਲੇ ਨਾਲ ਸਹਿਮਤ ਨਹੀਂ ਹੋ ਤਾਂ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਕੌਣ ਮਦਦ ਕਰ ਸਕਦਾ ਹੈ? 16


ਜੇ ਕੁਝ ਸਹਾਇਤਾ ਬਦਲ ਜਾਂਦੀ ਹੈ ਤਾਂ ਕੀ ਹੁੰਦਾ ਹੈ? 16

ਸੰਪਰਕ ਵੇਰਵੇ 17

## ਤੁਸੀਂ ਅਤੇ ਤੁਹਾਡਾ ਪਰਿਵਾਰ ਇਸ ਦੇਸ਼ ਵਿੱਚ ਸੁਰੱਖਿਅਤ ਹੋ

ਤੁਸੀਂ ਅਤੇ ਤੁਹਾਡੇ ਪਰਿਵਾਰ ਨੇ ਅਫ਼ਸਰਾਂ ਨੂੰ ਦੱਸਿਆ ਕਿ ਤੁਸੀਂ [ਬਹੁਵਚਨ] ਆਪਣੇ [ਆਪਣੇ] ਦੇਸ਼ ਵਾਪਸ ਨਹੀਂ ਜਾ ਸਕਦੇ ਕਿਉਂਕਿ ਤੁਸੀਂ [ਬਹੁਵਚਨ] ਖ਼ਤਰੇ ਵਿੱਚ ਹੋ ਅਤੇ ਤੁਸੀਂ [ਬਹੁਵਚਨ] ਸ਼ਰਨ ਲਈ ਅਰਜ਼ੀ ਦਿੱਤੀ ਹੈ। ਤੁਸੀਂ ਅਤੇ ਤੁਹਾਡਾ ਪਰਿਵਾਰ ਲਿਥੁਆਨੀਆ ਵਿੱਚ ਸ਼ਰਨ ਮੰਗਣ ਵਾਲੇ ਹੋ।

## ਤੁਹਾਡੀ ਮਦਦ ਕੌਣ ਕਰ ਸਕਦਾ ਹੈ?



ਯੂਰਪ ਵਿੱਚ, 18 ਸਾਲ ਤੋਂ ਘੱਟ ਉਮਰ ਦੇ ਹਰ ਵਿਅਕਤੀ ਨੂੰ ਬੱਚਾ ਮੰਨਿਆ ਜਾਂਦਾ ਹੈ ਅਤੇ ਉਸਨੂੰ **ਵਿਸ਼ੇਸ਼ ਸਹਾਇਤਾ** ਪ੍ਰਾਪਤ ਕਰਨ ਦਾ ਅਧਿਕਾਰ ਪ੍ਰਾਪਤ ਹੈ।

ਦੇਸ਼ ਵਿੱਚ ਤੁਹਾਡੇ ਰਹਿਣ ਦੌਰਾਨ, ਹੇਠ ਲਿਖੇ ਪੇਸ਼ੇਵਰ ਤੁਹਾਡੀ ਮਦਦ ਕਰ ਸਕਦੇ ਹਨ, ਉਦਾਹਰਣ ਵਜੋਂ:

- ਇੱਕ **ਸਮਾਜਕ ਕਾਰਜਕਰਤਾ** ਤੁਹਾਡੀਆਂ [ਬਹੁਵਚਨ] ਰੋਜ਼ਾਨਾ ਦੀਆਂ ਜ਼ਰੂਰਤਾਂ ਵਿੱਚ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਮਦਦ ਕਰੇਗਾ ਜਾਂ ਹੋਰ ਪੇਸ਼ੇਵਰਾਂ ਨਾਲ ਸੰਪਰਕ ਕਰੇਗਾ ਜੋ ਕਿਸੇ ਖਾਸ ਸਮੱਸਿਆ ਨਾ ਜੂਝ ਰਹੇ ਲੋਕਾਂ ਦੀ ਮਦਦ ਕਰ ਸਕਦੇ ਹਨ।
- ਜੇ ਤੁਸੀਂ ਬਿਮਾਰ ਮਹਿਸੂਸ ਕਰਦੇ ਹੋ, ਤੁਸੀਂ ਜ਼ਖਮੀ ਹੋ ਜਾਂ ਤੁਹਾਨੂੰ ਕਿਸੇ ਵੀ ਤਰ੍ਹਾਂ ਦੀ ਡਾਕਟਰੀ ਮਦਦ ਦੀ ਲੋੜ ਹੈ ਤਾਂ ਇੱਕ **ਡਾਕਟਰ** ਜਾਂ **ਨਰਸ** ਤੁਹਾਡੀ ਮਦਦ ਕਰਨਗੇ।
- ਜੇ ਤੁਸੀਂ ਉਦਾਸ, ਗੁੱਸੇ, ਡਰ, ਚਿੰਤਤ ਜਾਂ ਤੁਹਾਨੂੰ ਸੌਣ ਵਿੱਚ ਮੁਸ਼ਕਲ ਮਹਿਸੂਸ ਕਰਦੇ ਹੋ ਤਾਂ ਇੱਕ **ਮਨੋਵਿਗਿਆਨੀ** ਤੁਹਾਡੀ ਮਦਦ ਕਰੇਗਾ।
- ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਇਹ ਸਮਝਾਉਣ ਵਿੱਚ ਇੱਕ **ਕਾਨੂੰਨੀ ਸਲਾਹਕਾਰ** ਮਦਦ ਕਰੇਗਾ ਕਿ ਸ਼ਰਣ ਪ੍ਰਕਿਰਿਆ ਦੌਰਾਨ ਕੀ ਹੋਵੇਗਾ ਅਤੇ ਜੇ ਤੁਸੀਂ [ਬਹੁਵਚਨ] ਵਿਸ਼ਵਾਸ ਕਰਦੇ ਹੋ ਕਿ ਤੁਹਾਡੇ [ਬਹੁਵਚਨ] ਅਧਿਕਾਰਾਂ ਦਾ ਸਨਮਾਨ ਨਹੀਂ ਕੀਤਾ ਜਾਂਦਾ ਹੈ।
- ਤੁਹਾਨੂੰ ਉਸ ਭਾਸ਼ਾ ਵਿੱਚ ਗੱਲਬਾਤ ਕਰਨ ਵਿੱਚ ਮਦਦ ਇੱਕ **ਦੁਭਾਸ਼ੀਆ** ਕਰ ਸਕਦਾ ਹੈ ਜਿਸ ਭਾਸ਼ਾ ਨੂੰ ਤੁਸੀਂ ਸਮਝਦੇ ਹੋ। ਉਨ੍ਹਾਂ ਦੀ ਭੂਮਿਕਾ ਬਿਲਕੁਲ ਉਹੀ ਅਨੁਵਾਦ ਕਰਨਾ ਹੈ ਜੋ ਤੁਸੀਂ ਅਤੇ ਦੂਸਰੇ ਲੋਕ ਕਹਿੰਦੇ ਹਨ।

ਕੀ ਤੁਹਾਨੂੰ ਕੋਈ ਸਮੱਸਿਆ ਹੈ? ਤੁਸੀਂ ਹਮੇਸ਼ਾ ਸਟਾਫ ਤੋਂ ਮਦਦ ਅਤੇ ਸਹਾਇਤਾ ਮੰਗ ਸਕਦੇ ਹੋ। ਡਰੋ ਨਾ, ਸਮੱਸਿਆਵਾਂ ਮਿਲ ਕੇ ਹੱਲ ਕੀਤੀਆਂ ਜਾ ਸਕਦੀਆਂ ਹਨ।

## ਤੁਸੀਂ ਅਤੇ ਤੁਹਾਡਾ ਪਰਿਵਾਰ ਕੀ ਪ੍ਰਾਪਤ ਕਰੋਗੇ?

ਜਦੋਂ ਤੁਸੀਂ [ਬਹੁਵਚਨ] ਅਧਿਕਾਰੀਆਂ ਦੁਆਰਾ ਤੁਹਾਡੀ [ਬਹੁਵਚਨ] ਸ਼ਰਨ ਅਰਜ਼ੀ ਦੀ ਜਾਂਚ ਕਰਨ ਦੀ ਉਡੀਕ ਕਰਦੇ ਹੋ ਤਾਂ ਤੁਹਾਨੂੰ [ਬਹੁਵਚਨ] ਵੱਖ-ਵੱਖ ਕਿਸਮਾਂ ਦੀ ਸਹਾਇਤਾ ਅਤੇ ਸੇਵਾਵਾਂ ਪ੍ਰਾਪਤ ਹੋਣਗੀਆਂ। ਇਸਨੂੰ **ਰਿਸੈਪਸ਼ਨ** ਕਿਹਾ ਜਾਂਦਾ ਹੈ।

ਤੁਸੀਂ ਬੱਚੇ ਅਤੇ ਸ਼ਰਨ ਮੰਗਣ ਵਾਲੇ ਹੋਣ ਕਰਕੇ ਹੱਕ ਵੀ ਰੱਖਦੇ ਹੋ, ਪਰ ਕੁਝ ਫ਼ਰਜ਼ ਵੀ ਹਨ ਜਿਨ੍ਹਾਂ ਦੀ ਪਾਲਣਾ ਲਾਜ਼ਮੀ ਹੈ। ਇਸ ਬਰੋਸ਼ਰ ਵਿੱਚ ਇਹਨਾਂ ਬਾਰੇ ਦੱਸਿਆ ਗਿਆ ਹੈ।

ਜੇ ਤੁਸੀਂ ਇਸ ਬਰੋਸ਼ਰ ਦੇ ਕੁਝ ਹਿੱਸਿਆਂ ਨੂੰ ਨਹੀਂ ਸਮਝਦੇ ਜਾਂ ਜੇ ਤੁਹਾਡਾ ਕੋਈ ਸਵਾਲ ਹੈ, ਤਾਂ ਸਟਾਫ਼ ਅਤੇ ਆਪਣੇ ਮਾਪਿਆਂ ਨੂੰ ਪੁੱਛੋ।



ਇਸ ਦੇਸ਼ ਵਿੱਚ ਤੁਹਾਡੇ [ਬਹੁਵਚਨ] ਰਹਿਣ ਦੌਰਾਨ, ਸਟਾਫ਼ ਤੁਹਾਨੂੰ [ਬਹੁਵਚਨ] ਤੁਹਾਡੀ [ਬਹੁਵਚਨ] ਸਥਿਤੀ ਦੇ ਅਧਾਰ ਤੇ ਵਾਧੂ ਜਾਣਕਾਰੀ ਪ੍ਰਦਾਨ ਕਰੇਗਾ। ਤੁਸੀਂ ਕਿਸੇ ਵੀ ਸਮੇਂ ਸਵਾਲ ਪੁੱਛ ਸਕਦੇ ਹੋ।

**ਤੁਹਾਡੀ [ਤੁਹਾਡੀਆਂ] ਸਥਿਤੀ ਦੇ ਆਧਾਰ 'ਤੇ, ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਪ੍ਰਾਪਤ ਹੋਵੇਗਾ:**



- ਸੌਣ ਲਈ ਜਗ੍ਹਾ



- ਭੋਜਨ ਜਾਂ ਭੋਜਨ ਖ਼ਰੀਦਣ ਲਈ ਪੈਸੇ



- ਕੱਪੜੇ



- ਨਿੱਜੀ ਸਫਾਈ ਵਾਲੇ ਉਤਪਾਦ



- ਤੁਹਾਡੇ ਪਰਿਵਾਰ ਨੂੰ ਰੋਜ਼ਾਨਾ ਦੇ ਖ਼ਰਚਿਆਂ ਲਈ ਪੈਸੇ ਵੀ ਮਿਲ ਸਕਦੇ ਹਨ।

# ਸਿਹਤ ਸੰਭਾਲ ਦਾ ਅਧਿਕਾਰ

**ਅਫ਼ਸਰ ਇਹ ਯਕੀਨੀ ਬਣਾਉਣਗੇ ਕਿ ਤੁਹਾਨੂੰ ਲੋੜੀਂਦੀ ਸਿਹਤ ਦੇਖਭਾਲ ਮਿਲੇ।**

**ਤੁਸੀਂ ਆਪਣੇ ਪਰਿਵਾਰ ਅਤੇ ਸਟਾਫ਼ ਨੂੰ ਆਪਣੀ ਕਿਸੇ ਵੀ ਡਾਕਟਰੀ ਸਮੱਸਿਆ ਬਾਰੇ ਦੱਸ ਸਕਦੇ ਹੋ।** ਉਹ ਤੁਹਾਨੂੰ ਨਰਸ ਜਾਂ ਡਾਕਟਰ ਨੂੰ ਮਿਲਣ ਵਿੱਚ ਮਦਦ ਕਰਨਗੇ।



ਜੇਕਰ ਡਾਕਟਰ ਇਸਨੂੰ ਜ਼ਰੂਰੀ ਸਮਝਦਾ ਹੈ, ਤਾਂ ਉਹ ਦਵਾਈਆਂ ਦੇ ਨਾਲ-ਨਾਲ ਮਾਹਿਰਾਂ ਨੂੰ ਮਿਲਣ ਲਈ ਵੀ ਲਿਖਣਗੇ।

ਸਟਾਫ਼ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਦੱਸੇਗਾ ਕਿ ਕੀ ਤੁਹਾਨੂੰ ਕਿਸੇ ਨਰਸ ਜਾਂ ਡਾਕਟਰ ਨਾਲ ਮੈਡੀਕਲ ਜਾਂਚ ਵਿੱਚ ਸ਼ਾਮਲ ਹੋਣਾ ਪੈ ਸਕਦਾ ਹੈ


ਉਹ ਤੁਹਾਡੀ ਸਿਹਤ ਦੀ ਜਾਂਚ ਕਰ ਸਕਦੇ ਹਨ  ਅਤੇ ਤੁਹਾਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕਰ ਸਕਦੇ ਹਨ।

ਜੇ ਤੁਹਾਨੂੰ ਕੋਈ ਡਾਕਟਰੀ ਐਮਰਜੈਂਸੀ ਜਾਂ ਸੱਟ ਲੱਗੀ ਹੈ ਜਿਸ ਲਈ ਤੁਰੰਤ ਇਲਾਜ ਦੀ ਲੋੜ ਹੈ, ਤਾਂ ਆਪਣੇ ਮਾਪਿਆਂ ਜਾਂ ਸਟਾਫ਼ ਨੂੰ ਦੱਸੋ। ਜੇ ਤੁਸੀਂ ਉਸ ਜਗ੍ਹਾ ਤੋਂ ਬਾਹਰ ਹੋ ਜਿੱਥੇ ਤੁਸੀਂ ਰਹਿ ਰਹੇ ਹੋ, ਤਾਂ ਤੁਸੀਂ ਐਮਰਜੈਂਸੀ ਨੰਬਰ 112 'ਤੇ ਮੁਫ਼ਤ ਕਾਲ ਕਰ ਸਕਦੇ ਹੋ

## ਸਟਾਫ਼ ਨੂੰ ਸੂਚਿਤ ਕਰੋ ਜੇਕਰ:



- ਤੁਸੀਂ ਬਿਮਾਰ ਹੋ, ਜ਼ਖਮੀ ਹੋ ਜਾਂ ਤੁਰੰਤ ਡਾਕਟਰੀ ਮਦਦ ਜਾਂ ਦਵਾਈ ਦੀ ਲੋੜ ਹੈ
- ਤੁਸੀਂ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦੇ ਹੋ ਜਾਂ ਸ਼ਰਾਬ ਪੀਂਦੇ ਹੋ
- ਤੁਸੀਂ ਪਹਿਲਾਂ ਹਿੰਸਾ ਜਾਂ ਦੁਰਵਿਵਹਾਰ ਦਾ ਅਨੁਭਵ ਕੀਤਾ ਹੈ ਜਾਂ ਤੁਸੀਂ ਹੁਣ ਇਸਦਾ ਅਨੁਭਵ ਕਰ ਰਹੇ ਹੋ
- ਤੁਸੀਂ ਗਰਭਵਤੀ ਹੋ ਜਾਂ ਹੋ ਸਕਦੀ ਹੋ
- ਤੁਸੀਂ ਆਪਣੇ ਆਪ ਤੁਰ ਨਹੀਂ ਸਕਦੇ, ਜਾਂ ਤੁਹਾਨੂੰ ਸੁਣਨ ਜਾਂ ਦੇਖਣ ਵਿੱਚ ਮੁਸ਼ਕਲ ਆ ਰਹੀ ਹੈ
- ਤੁਸੀਂ ਬਹੁਤ ਚਿੰਤਤ, ਉਦਾਸ ਹੋ, ਤੁਸੀਂ ਸੌਂ ਨਹੀਂ ਸਕਦੇ ਜਾਂ ਤੁਹਾਡੇ ਨਕਾਰਾਤਮਕ ਵਿਚਾਰ ਹਨ
- ਤੁਸੀਂ ਕਿਸੇ ਅਣਜਾਣ ਵਿਅਕਤੀ ਤੋਂ ਜਾਂ ਕਿਸੇ ਜਾਣਕਾਰ ਤੋਂ ਅਸੁਰੱਖਿਅਤ ਜਾਂ ਡਰ ਮਹਿਸੂਸ ਕਰਦੇ ਹੋ
- ਤੁਸੀਂ ਉਹ ਕੰਮ ਕਰਨ ਲਈ ਮਜਬੂਰ ਹੋ ਜੋ ਤੁਸੀਂ ਨਹੀਂ ਕਰਨਾ ਚਾਹੁੰਦੇ ਹੋ
- ਤੁਸੀਂ ਆਪਣੇ ਵਿਸ਼ਵਾਸ, ਤੁਸੀਂ ਕਿਸ ਨੂੰ ਪਿਆਰ ਕਰਦੇ ਹੋ, ਜਾਂ ਆਪਣੇ ਪਹਿਰਾਵੇ/ਵਿਵਹਾਰ ਦੇ ਕਾਰਨ ਅਸੁਰੱਖਿਅਤ ਮਹਿਸੂਸ ਕਰਦੇ ਹੋ
- ਤੁਹਾਡੇ ਪਰਿਵਾਰ ਦੇ ਮੈਂਬਰਾਂ ਨੂੰ ਸਹਾਇਤਾ ਦੀ ਲੋੜ ਹੈ।



## ਹਿੱਤਾਂ ਦਾ ਸਭ ਤੋਂ ਵਧੀਆ ਮੁਲਾਂਕਣ ਕੀ ਹੈ?



ਇਹ ਇੱਕ ਅਜਿਹੀ ਗਤੀਵਿਧੀ ਹੈ ਜਿੱਥੇ ਤੁਸੀਂ ਹੋਰ ਸਟਾਫ਼ ਨੂੰ ਦੇਖੋਗੇ ਜੋ ਤੁਹਾਨੂੰ ਸਵਾਲ ਪੁੱਛਣਗੇ:

- ਤੁਹਾਡੀਆਂ **ਜ਼ਰੂਰਤਾਂ** ਨੂੰ ਸਮਝਿਆ ਜਾ ਸਕੇ
- ਇਹ ਨਿਰਧਾਰਤ ਕੀਤਾ ਜਾ ਸਕੇ ਕਿ ਤੁਹਾਨੂੰ ਕਿਹੜੀ **ਸਹਾਇਤਾ** ਦੀ ਲੋੜ ਹੈ।

ਇਹ ਅਫ਼ਸਰਾਂ ਨੂੰ ਮਹੱਤਵਪੂਰਨ ਫੈਸਲੇ ਲੈਣ ਵਿੱਚ ਮਦਦ ਕਰੇਗਾ, ਉਦਾਹਰਨ ਲਈ ਤੁਸੀਂ ਅਤੇ ਤੁਹਾਡਾ ਪਰਿਵਾਰ ਕਿੱਥੇ ਰਹੋਗੇ।

ਤੁਸੀਂ ਨਰਸ, ਡਾਕਟਰ ਅਤੇ ਸਟਾਫ਼ 'ਤੇ ਭਰੋਸਾ ਕਰ ਸਕਦੇ ਹੋ। ਤੁਸੀਂ ਉਨ੍ਹਾਂ ਨਾਲ ਕੁਝ ਵੀ ਸਾਂਝਾ ਕਰ ਸਕਦੇ ਹੋ। ਤੁਹਾਡੇ ਦੁਆਰਾ ਕਹੀ ਗਈ ਕੋਈ ਵੀ ਚੀਜ਼ ਤੁਹਾਡੇ ਸਹਿਮਤੀ ਤੋਂ ਬਿਨਾਂ ਤੁਹਾਡੇ ਮਾਪਿਆਂ ਤੋਂ ਇਲਾਵਾ ਕਿਸੇ ਹੋਰ ਨਾਲ ਸਾਂਝਾ ਨਹੀਂ ਕੀਤੀ ਜਾਵੇਗੀ। ਇਹ ਦਾ ਇੱਕੋ ਇੱਕ ਅਪਵਾਦ ਇਹ ਹੈ ਕਿ ਜੇਕਰ ਤੁਹਾਡੀ ਜਾਂ ਕਿਸੇ ਹੋਰ ਦੀ ਜਾਨ ਨੂੰ ਖ਼ਤਰਾ ਹੈ, ਜਾਂ ਜਿਵੇਂ ਕਾਨੂੰਨ ਦੇ ਮੁਤਾਬਕ ਜ਼ਰੂਰੀ ਹੋਵੇ।

ਜੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡੇ ਮਾਪਿਆਂ ਨੂੰ ਸੂਚਿਤ ਕੀਤਾ ਜਾਵੇ ਜਾਂ ਸ਼ਾਮਲ ਕੀਤਾ ਜਾਵੇ, ਤਾਂ ਸਟਾਫ਼ ਨੂੰ ਦੱਸੋ। ਉਹ ਤੁਹਾਡੀ ਬੇਨਤੀ ਦੀ ਜਾਂਚ ਕਰਨਗੇ ਅਤੇ ਤੁਹਾਡੇ ਲਈ ਸਭ ਤੋਂ ਵਧੀਆ ਕੀ ਹੈ ਇਸ ਦੇ ਆਧਾਰ 'ਤੇ ਫੈਸਲਾ ਕਰਨਗੇ।

## ਸਿੱਖਿਆ ਦਾ ਅਧਿਕਾਰ



ਇੱਕ ਬੱਚੇ ਦੇ ਰੂਪ ਵਿੱਚ ਤੁਹਾਨੂੰ ਸਿੱਖਿਆ ਅਤੇ ਸਿੱਖਣ ਦਾ ਅਧਿਕਾਰ ਹੈ। ਜੇ ਤੁਸੀਂ ਸਕੂਲ ਜਾਂਦੇ ਹੋ ਅਤੇ ਇਸ ਸਮੇਂ ਦੌਰਾਨ ਤੁਸੀਂ 18 ਸਾਲ ਦੇ ਹੋ ਜਾਂਦੇ ਹੋ, ਤਾਂ ਤੁਸੀਂ ਆਪਣੀ ਹਾਜ਼ਰੀ ਉਦੋਂ ਤੱਕ ਜਾਰੀ ਰੱਖ ਸਕਦੇ ਹੋ ਜਦੋਂ ਤੱਕ ਸਕੂਲ ਦੀ ਪੜ੍ਹਾਈ ਖਤਮ ਨਹੀਂ ਹੋ ਜਾਂਦੀ।

ਰਿਸੀਪਸ਼ਨ ਐਂਡ ਇੰਟੀਗ੍ਰੇਸ਼ਨ ਏਜੰਸੀ ਦਾ ਸਟਾਫ਼ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਸਥਾਨਕ ਸਕੂਲ ਵਿੱਚ ਰਜਿਸਟਰ ਕਰਨ ਵਿੱਚ ਮਦਦ ਕਰੇਗਾ। ਉਹ ਤੁਹਾਨੂੰ ਤਿਆਰੀ ਭਾਸ਼ਾ ਦੀਆਂ ਕਲਾਸਾਂ ਅਤੇ ਹੋਰ ਕੋਰਸਾਂ ਬਾਰੇ ਸੂਚਿਤ ਕਰਨਗੇ। ਤੁਹਾਨੂੰ ਇਹਨਾਂ ਵਿੱਚੋਂ ਕੁਝ ਕੋਰਸਾਂ ਵਿੱਚ ਜਾਣਾ ਪੈ ਸਕਦਾ ਹੈ।

ਸਟਾਫ਼ ਤੁਹਾਨੂੰ ਸਿੱਖਣ, ਵਿਕਾਸ ਕਰਨ ਅਤੇ ਨਵੇਂ ਦੋਸਤ ਬਣਾਉਣ ਵਿੱਚ ਮਦਦ ਕਰਨ ਲਈ ਸਿੱਖਿਆ ਅਤੇ ਮਨੋਰੰਜਨ ਗਤੀਵਿਧੀਆਂ ਬਾਰੇ ਦੱਸੇਗਾ।

## ਕੰਮ ਕਰਨ ਦਾ ਅਧਿਕਾਰ





ਤੁਹਾਡੀ ਉਮਰ ਅਤੇ ਤੁਹਾਡੀ ਸਥਿਤੀ ਦੇ ਆਧਾਰ 'ਤੇ, ਜੇਕਰ ਤੁਸੀਂ ਚਾਹੋ ਤਾਂ ਤੁਹਾਨੂੰ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ ਲਿਥੁਆਨੀਆ, ਜੇ ਤੁਸੀਂ ਚਾਹੁੰਦੇ ਹੋ। ਸਟਾਫ਼ ਤੁਹਾਨੂੰ ਹੋਰ ਜਾਣਕਾਰੀ ਦੇਵੇਗਾ।

ਜੇਕਰ ਛੇ ਮਹੀਨਿਆਂ ਦੇ ਅੰਦਰ ਤੁਹਾਡੀ ਸ਼ਰਣ ਦੀ ਅਰਜ਼ੀ 'ਤੇ ਕੋਈ ਫੈਸਲਾ ਨਹੀਂ ਲਿਆ ਜਾਂਦਾ, ਅਤੇ ਇਸ ਦੇਰੀ ਵਿੱਚ ਤੁਹਾਡੀ ਕੋਈ ਗਲਤੀ ਨਹੀਂ ਹੈ, ਤਾਂ ਤੁਸੀਂ ਲਿਥੁਆਨੀਆ ਵਿੱਚ ਕੰਮ ਕਰ ਸਕਦੇ ਹੋ।



14 ਸਾਲ ਤੋਂ ਘੱਟ ਉਮਰ ਦੇ ਸਾਰੇ ਮੁੰਡੇ ਅਤੇ ਕੁੜੀਆਂ ਨੂੰ ਕੰਮ ਕਰਨ ਦੀ ਇਜਾਜ਼ਤ ਨਹੀਂ ਹੈ।

## ਸ਼ਰਨ ਮੰਗਣ ਲਈ ਤੁਹਾਡੇ ਦਸਤਾਵੇਜ਼



ਤੁਹਾਨੂੰ ਤੁਹਾਡੇ ਨਾਮ ਅਤੇ ਫੋਟੋ ਵਾਲਾ ਇੱਕ ਨਿੱਜੀ ਦਸਤਾਵੇਜ਼ ਮਿਲੇਗਾ।

ਇਹ ਦਰਸਾਉਂਦਾ ਹੈ ਕਿ ਤੁਸੀਂ ਇਸ ਦੇਸ਼ ਵਿੱਚ ਇੱਕ ਸ਼ਰਨ ਮੰਗਣ ਵਾਲੇ ਹੋ। ਤੁਹਾਨੂੰ ਇਸਨੂੰ ਹਮੇਸ਼ਾ ਆਪਣੇ ਨਾਲ ਰੱਖਣਾ ਚਾਹੀਦਾ ਹੈ।

ਇਹ ਦਸਤਾਵੇਜ਼ ਮਹੱਤਵਪੂਰਨ ਹੈ, ਧਿਆਨ ਰੱਖੋ ਕਿ ਇਸਨੂੰ ਗੁਆ ਨਾ ਦਿਓ ਅਤੇ ਇਸਨੂੰ ਕਿਸੇ ਹੋਰ ਨੂੰ ਨਾ ਦਿਓ।

ਇਸ ਦਸਤਾਵੇਜ਼ ਨੂੰ ਇੱਕ ਵਿਦੇਸ਼ੀ ਦਾ ਰਜਿਸਟ੍ਰੇਸ਼ਨ ਸਰਟੀਫਿਕੇਟ ਕਿਹਾ ਜਾਂਦਾ ਹੈ

# ਤੁਸੀਂ ਅਤੇ ਤੁਹਾਡਾ ਪਰਿਵਾਰ ਕਿੱਥੇ ਰਹੋਗੇ?

ਜਦੋਂ ਅਫ਼ਸਰ ਤੁਹਾਡੀ [ਬਹੁਵਚਨ] ਸ਼ਰਨ ਅਰਜ਼ੀ ਦੀ ਜਾਂਚ ਕਰਨਗੇ, ਤਾਂ ਤੁਸੀਂ [ਬਹੁਵਚਨ] ਕਿੱਥੇ ਰਹੋਗੇ, ਇਹ ਤੁਹਾਡੀ [ਬਹੁਵਚਨ] ਸਥਿਤੀ 'ਤੇ ਨਿਰਭਰ ਕਰਦਾ ਹੈ।



ਸਟਾਫ਼ ਤੁਹਾਨੂੰ [ਬਹੁਵਚਨ] ਦੱਸੇਗਾ ਕਿ**ਤੁਹਾਨੂੰ [ਬਹੁਵਚਨ] ਸਾਰਿਆਂ ਨੂੰ ਕਿੱਥੇ ਰਹਿਣਾ** ਪਵੇਗਾ, ਉਦਾਹਰਨ ਲਈ ਇੱਕ ਖਾਸ ਰਿਹਾਇਸ਼, ਸ਼ਹਿਰ ਜਾਂ ਖੇਤਰ ਵਿੱਚ।

ਇਹ ਉਪਲਬਧ ਥਾਵਾਂ ਜਾਂ ਤੁਹਾਡੇ ਪਰਿਵਾਰ ਦੀਆਂ ਜ਼ਰੂਰਤਾਂ 'ਤੇ ਨਿਰਭਰ ਕਰ ਸਕਦਾ ਹੈ।

ਜੇ ਤੁਹਾਡਾ ਪਰਿਵਾਰ ਰਿਹਾਇਸ਼ ਸਥਾਨ ਤੋਂ ਬਾਹਰ ਰਹਿਣਾ ਚਾਹੁੰਦਾ ਹੈ ਜਾਂ ਥੋੜ੍ਹੇ ਸਮੇਂ ਲਈ ਸ਼ਹਿਰ ਜਾਂ ਖੇਤਰ ਛੱਡਣਾ ਚਾਹੁੰਦਾ ਹੈ, ਤਾਂ ਉਹਨਾਂ ਨੂੰ ਅਥਾਰਟੀ ਤੋਂ ਇਜਾਜ਼ਤ ਲੈਣ ਦੀ ਲੋੜ ਹੈ।

**ਤੁਸੀਂ ਅਤੇ ਤੁਹਾਡਾ ਪਰਿਵਾਰ ਸਿਰਫ਼ ਅਫ਼ਸਰਾਂ ਦੁਆਰਾ ਨਿਰਧਾਰਤ ਜਗ੍ਹਾ 'ਤੇ ਹੀ ਸਹਾਇਤਾ ਅਤੇ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ**

ਬਹੁਤ ਘੱਟ ਪਰਿਵਾਰਾਂ ਨੂੰ ਅਜਿਹੇ ਕੇਂਦਰ ਵਿੱਚ ਰੱਖਿਆ ਜਾ ਸਕਦਾ ਹੈ ਜਿੱਥੇ ਉਹ ਆਪਣੀ ਮਰਜ਼ੀ ਨਾਲ ਨਹੀਂ ਆ ਸਕਦੇ ਅਤੇ ਨਹੀਂ ਜਾ ਸਕਦੇ। ਜੇਕਰ ਤੁਸੀਂ [ਬਹੁਵਚਨ] ਅਜਿਹੀ ਸਥਿਤੀ ਵਿੱਚ ਹੋ, ਤਾਂ ਕੋਈ ਕਾਨੂੰਨੀ ਸਲਾਹਕਾਰ ਅਤੇ ਸਟਾਫ਼ ਤੁਹਾਡੀ [ਬਹੁਵਚਨ] ਮਦਦ ਕਰੇਗਾ।

**ਤੁਹਾਨੂੰ [ਬਹੁਵਚਨ] ਕਿੱਥੇ ਵੀ ਰੱਖਿਆ ਗਿਆ ਹੈ, ਤੁਹਾਨੂੰ ਇਹ ਕਰਨ ਦਾ ਅਧਿਕਾਰ ਹੈ:**




- **ਆਪਣੇ ਪਰਿਵਾਰ ਨਾਲ ਰਹੋ**



- **ਜੇ ਤੁਹਾਨੂੰ ਪਰਿਵਾਰਕ ਮੈਂਬਰਾਂ ਦਾ ਟਿਕਾਣਾ ਨਹੀਂ ਪਤਾ, ਤਾਂ ਉਨ੍ਹਾਂ ਨਾਲ ਸੰਪਰਕ ਕਰਨ ਅਤੇ ਉਨ੍ਹਾਂ ਨੂੰ ਲੱਭਣ ਲਈ ਮਦਦ ਲਵੋ।**

**ਤੁਹਾਨੂੰ ਸੁਰੱਖਿਅਤ ਰਹਿਣ ਦਾ ਅਧਿਕਾਰ ਹੈ। ਕਿਸੇ ਵੀ ਵਿਅਕਤੀ ਨੂੰ ਇਹ ਕਰਨ ਦੀ ਇਜਾਜ਼ਤ ਨਹੀਂ ਹੈ:**



ਤੁਹਾਨੂੰ ਧਮਕੀ ਦੇਣ



ਤੁਹਾਨੂੰ ਬੇਇੱਜ਼ਤ ਕਰਨਾ



ਤੁਹਾਨੂੰ ਨੁਕਸਾਨ ਪਹੁੰਚਾਉਣਾ


ਚਾਹੇ ਉਹ ਕੋਈ ਵੀ ਕਿਉਂ ਨਾ ਹੋਵੇ, ਕੋਈ ਅਜਨਬੀ ਜਾਂ ਕੋਈ ਜਿਸਨੂੰ ਤੁਸੀਂ ਜਾਣਦੇ ਹੋ।
ਜੇਕਰ ਤੁਹਾਨੂੰ ਆਪਣੇ ਮਾਪਿਆਂ ਜਾਂ ਸਟਾਫ਼ ਨਾਲ ਕੋਈ ਸਮੱਸਿਆ ਹੈ, ਤਾਂ ਤੁਸੀਂ ਗੱਲ ਕਰ ਸਕਦੇ ਹੋ।

## ਜੇ ਕੋਈ ਤੁਹਾਡੇ ਨਾਲ ਬੁਰਾ ਵਿਵਹਾਰ ਕਰਦਾ ਹੈ ਤਾਂ ਤੁਸੀਂ ਕੀ ਕਰ ਸਕਦੇ ਹੋ?



ਤੁਸੀਂ ਕਿਸੇ ਭਰੋਸੇਮੰਦ ਵਿਅਕਤੀ, ਪਰਿਵਾਰ ਦੇ ਮੈਂਬਰ, ਇੱਕ ਸਟਾਫ਼ ਮੈਂਬਰ, ਜਾਂ ਸਰਕਾਰੀ ਬਾਲ ਅਧਿਕਾਰ ਸੁਰੱਖਿਆ ਅਤੇ ਬੱਚਾ ਗੋਦ ਲੈਣ ਦੀ ਸੇਵਾ *ਨਾਲ ਗੱਲਬਾਤ ਕਰ ਸਕਦੇ ਹੋ।* ਤੁਸੀਂ ਇਸ ਬਰੋਸ਼ਰ ਦੇ ਅਖੀਰ ਵਿੱਚ ਉਹਨਾਂ ਦੇ ਸੰਪਰਕ ਵੇਰਵੇ ਦੇਖ ਸਕਦੇ ਹੋ।

ਜੇ ਕੋਈ ਤੁਹਾਡੇ ਨਾਲ ਬੁਰਾ ਸਲੂਕ ਕਰਦਾ ਹੈ, ਤਾਂ ਤੁਸੀਂ [ਬਹੁਵਚਨ] ਅਥਾਰਿਟੀਜ਼ ਨੂੰ ਇਸਦੀ ਰਿਪੋਰਟ ਕਰ ਸਕਦੇ ਹੋ ਤਾਂ ਜੋ ਇਹ ਦੁਬਾਰਾ ਨਾ ਵਾਪਰੇ। ਇਸ ਨੂੰ 'ਸ਼ਿਕਾਇਤ ਕਰਨਾ' ਕਿਹਾ ਜਾਂਦਾ ਹੈ।



**ਧਿਆਨ ਦਿਓ!**
ਜੇ ਤੁਸੀਂ ਉਸ ਜਗ੍ਹਾ ਤੋਂ ਬਾਹਰ ਹੋ ਜਿੱਥੇ ਤੁਸੀਂ ਰਹਿ ਰਹੇ ਹੋ ਅਤੇ ਤੁਸੀਂ ਖ਼ਤਰੇ ਵਿੱਚ ਹੋ, ਤਾਂ ਤੁਸੀਂ ਕਿਸੇ ਵੀ ਫ਼ੋਨ ਤੋਂ ਰਾਸ਼ਟਰੀ ਐਮਰਜੈਂਸੀ ਨੰਬਰ 112 'ਤੇ ਮੁਫ਼ਤ ਕਾਲ ਕਰ ਸਕਦੇ ਹੋ।

## ਤੁਹਾਡੇ ਅਤੇ ਤੁਹਾਡੇ ਪਰਿਵਾਰ ਦੀਆਂ ਕਿਹੜੀਆਂ ਰਿਸੈਪਸ਼ਨ ਜ਼ਿੰਮੇਵਾਰੀਆਂ ਹਨ?

ਇਹ ਮਹੱਤਵਪੂਰਨ ਹੈ ਕਿ ਤੁਸੀਂ ਸੱਚ ਦੱਸੋ ਅਤੇ ਤੁਸੀਂ ਅਫ਼ਸਰਾਂ ਨਾਲ ਸਹਿਯੋਗ ਕਰੋ, ਭਾਵੇਂ ਕਈ ਵਾਰ ਆਪਣੀ ਕਹਾਣੀ ਦੱਸਣਾ ਡਰਾਉਣਾ ਅਤੇ ਮੁਸ਼ਕਲ ਲੱਗਦਾ ਹੈ।

ਸਟਾਫ ਤੁਹਾਡੀ ਮਦਦ ਕਰ ਸਕਦਾ ਹੈ ਜੇਕਰ ਉਹਨਾਂ ਨੂੰ ਤੁਹਾਡੀ ਸਥਿਤੀ ਬਾਰੇ ਪਤਾ ਹੋਵੇ।



ਤੁਸੀਂ ਅਤੇ ਤੁਹਾਡਾ ਪਰਿਵਾਰ ਜਿੱਥੇ ਵੀ ਰਹੋਗੇ, ਉੱਥੇ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ। ਉਦਾਹਰਣ ਵਜੋਂ, ਤੁਹਾਨੂੰ [ਬਹੁਵਚਨ] ਦੂਜੇ ਨਿਵਾਸੀਆਂ ਅਤੇ ਸਟਾਫ਼ ਦਾ ਸਨਮਾਨ ਕਰਨਾ ਚਾਹੀਦਾ ਹੈ ਅਤੇ ਤੁਹਾਨੂੰ [ਬਹੁਵਚਨ] ਸ਼ਾਂਤ ਘੰਟਿਆਂ ਦੌਰਾਨ ਰੌਲਾ ਨਹੀਂ ਪਾਉਣਾ ਚਾਹੀਦਾ

ਸਟਾਫ਼ ਨਿਯਮਾਂ ਅਤੇ ਨਿਯਮਾਂ ਦੀ ਪਾਲਣਾ ਨਾ ਕਰਨ 'ਤੇ ਨਤੀਜਿਆਂ ਬਾਰੇ ਦੱਸੇਗਾ।

ਇਹ ਬਹੁਤ ਮਹੱਤਵਪੂਰਨ ਹੈ ਕਿ ਤੁਸੀਂ ਅਤੇ ਤੁਹਾਡਾ ਪਰਿਵਾਰ:

✔ ਉਸ ਜਗ੍ਹਾ ਦੇ ਨਿਯਮਾਂ ਦੀ ਪਾਲਣਾ ਕਰੋ ਜਿੱਥੇ ਤੁਸੀਂ [ਬਹੁਵਚਨ] ਰਹਿ ਰਹੇ ਹੋ

- ਜਗ੍ਹਾ ਨੂੰ ਸਾਫ਼-ਸੁਥਰਾ ਰੱਖੋ
- ਲੜਾਈ-ਝਗੜਾ ਨਾ ਕਰੋ
- ਸ਼ਰਾਬ ਜਾਂ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਦੇ ਨਾ ਕਰੋ
- ਅਧਿਕਾਰੀਆਂ ਨਾਲ ਸਹਿਯੋਗ ਕਰੋ

✖ ਉਸ ਜਗ੍ਹਾ ਤੋਂ ਭੱਜੋ ਨਾ ਜਿੱਥੇ ਅਫ਼ਸਰਾਂ ਨੇ ਤੁਹਾਨੂੰ [ਬਹੁਵਚਨ] ਰਹਿਣ ਲਈ ਕਿਹਾ ਸੀ

✔ ਇਸ ਦੇਸ਼ ਦੇ ਕਾਨੂੰਨਾਂ ਦੀ ਪਾਲਣਾ ਕਰੋ, ਜੋ ਸਟਾਫ਼ ਤੁਹਾਨੂੰ [ਬਹੁਵਚਨ] ਸਮਝਾਏਗਾ।

# ਜੇਕਰ ਤੁਸੀਂ ਜਾਂ ਤੁਹਾਡਾ ਪਰਿਵਾਰ ਆਪਣੀਆਂ [ਬਹੁਵਚਨ] ਜ਼ਿੰਮੇਵਾਰੀਆਂ ਦੀ ਪਾਲਣਾ ਨਹੀਂ ਕਰਦੇ ਤਾਂ ਕੀ ਹੁੰਦਾ ਹੈ?



ਜੇ ਅਜਿਹਾ ਹੁੰਦਾ ਹੈ, ਤਾਂ ਤੁਸੀਂ [ਬਹੁਵਚਨ] ਸਟਾਫ਼ ਨਾਲ ਖੁੱਲ੍ਹ ਕੇ ਗੱਲਬਾਤ ਕਰ ਸਕਦੇ ਹੋ ਅਤੇ ਆਪਣੀ [ਬਹੁਵਚਨ] ਸਥਿਤੀ ਅਤੇ ਆਪਣੇ [ਬਹੁਵਚਨ] ਕਾਰਨਾਂ ਬਾਰੇ ਦੱਸ ਸਕਦੇ ਹੋ।

ਅਫ਼ਸਰ ਸਥਿਤੀ ਦਾ ਮੁਲਾਂਕਣ ਕਰਨਗੇ ਅਤੇ ਤੁਹਾਡੇ ਮਾਪਿਆਂ ਨੂੰ ਸੂਚਿਤ ਕਰਨਗੇ ਜੇਕਰ ਉਹ ਕੁਝ ਉਪਾਅ ਕਰਨ ਦਾ ਫੈਸਲਾ ਕਰਦੇ ਹਨ।



ਉਦਾਹਰਣ ਵਜੋਂ, ਜੇ ਤੁਹਾਡੇ ਪਰਿਵਾਰ ਦਾ ਕੋਈ ਮੈਂਬਰ ਉਸ ਰਿਹਾਇਸ਼ ਸਥਾਨ, ਸ਼ਹਿਰ ਜਾਂ ਖੇਤਰ ਤੋਂ ਭੱਜ ਜਾਂਦਾ ਹੈ ਜਿੱਥੇ ਅਫ਼ਸਰਾਂ ਨੇ ਫੈਸਲਾ ਕੀਤਾ ਸੀ ਕਿ ਪਰਿਵਾਰ ਨੂੰ ਰਹਿਣਾ ਚਾਹੀਦਾ ਹੈ, ਤਾਂ **ਉਸ ਪਰਿਵਾਰਕ ਮੈਂਬਰ ਨੂੰ ਘੱਟ ਸਹਾਇਤਾ ਮਿਲ ਸਕਦੀ ਹੈ**।



ਜੇਕਰ ਤੁਹਾਡੇ ਪਰਿਵਾਰ ਦਾ ਕੋਈ ਮੈਂਬਰ ਹਿੰਸਕ ਵਿਵਹਾਰ ਕਰਦਾ ਹੈ, **ਤਾਂ ਉਹ ਪਰਿਵਾਰਕ ਮੈਂਬਰ ਉਸ ਸਹਾਇਤਾ ਨੂੰ ਗੁਆ ਸਕਦਾ ਹੈ ਜੋ ਉਸਨੂੰ ਮਿਲ ਰਹੀ ਹੈ।** ਪੁਲਿਸ ਨੂੰ ਬੁਲਾਇਆ ਜਾ ਸਕਦਾ ਹੈ।

**ਤੁਸੀਂ ਅਤੇ ਤੁਹਾਡਾ ਪਰਿਵਾਰ ਹੁਣ ਲਿਥੁਆਨੀਆ, ਵਿੱਚ ਹੋ, ਜੋ ਕਿ ਇੱਕ EU+ ਦੇਸ਼ ਹੈ। EU+ ਦੇਸ਼ ਇਹ ਹਨ:**

ਯੂਰਪੀਅਨ ਯੂਨੀਅਨ (EU) ਦੇ 27 ਮੈਂਬਰ ਰਾਜ: ਆਸਟਰੀਆ, ਬੈਲਜੀਅਮ, ਬੁਲਗਾਰੀਆ, ਕਰੋਸ਼ੀਆ, ਸਾਈਪ੍ਰਸ, ਚੈੱਕੀਆ, ਡੈਨਮਾਰਕ, ਐਸਟੋਨੀਆ, ਫਿਨਲੈਂਡ, ਫਰਾਂਸ, ਜਰਮਨੀ, ਗ੍ਰੀਸ, ਹੰਗਰੀ, ਇਟਲੀ, ਲਾਤਵੀਆ, ਲਿਥੁਆਨੀਆ, ਲਕਸਮਬਰਗ, ਮਾਲਟਾ, ਨੀਦਰਲੈਂਡ, ਪੋਲੈਂਡ, ਪੁਰਤਗਾਲ, ਆਇਰਲੈਂਡ ਦਾ ਗਣਰਾਜ, ਰੋਮਾਨੀਆ, ਸਲੋਵਾਕੀਆ, ਸਲੋਵੇਨੀਆ, ਸਪੇਨ, ਸਵੀਡਨ ਅਤੇ

4 ਹੋਰ ਦੇਸ਼: ਆਈਸਲੈਂਡ, ਲੀਚਟਨਸਟਾਈਨ, ਨਾਰਵੇ ਅਤੇ ਸਵਿਟਜ਼ਰਲੈਂਡ।

# ਸ਼ਰਨ ਲਈ ਅਰਜ਼ੀ ਦੇਣ ਅਤੇ EU+ ਦੇਸ਼ਾਂ ਵਿੱਚ ਯਾਤਰਾ ਕਰਨ ਦੇ ਨਿਯਮ

**ਸਟਾਫ਼ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਇਹਨਾਂ ਮਹੱਤਵਪੂਰਨ ਨਿਯਮਾਂ ਬਾਰੇ ਸਮਝਾਏਗਾ। ਤੁਸੀਂ [ਬਹੁਵਚਨ] ਕਿਸੇ ਵੀ ਸਮੇਂ ਉਹਨਾਂ ਤੋਂ ਸਵਾਲ ਪੁੱਛ ਸਕਦੇ ਹੋ।**



✔ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਲਿਥੁਆਨੀਆ ਵਿੱਚ ਰਹਿਣਾ ਚਾਹੀਦਾ ਹੈ ਅਤੇ ਕਿਸੇ ਹੋਰ EU+ ਦੇਸ਼ਾਂ ਵਿੱਚ ਭੱਜਣਾ ਨਹੀਂ ਚਾਹੀਦਾ ਹੈ।

✔ ਜੇ ਤੁਹਾਡੇ [ਬਹੁਵਚਨ] ਇਹਨਾਂ ਵਿੱਚੋਂ ਕਿਸੇ ਇੱਕ ਦੇਸ਼ ਵਿੱਚ ਪਰਿਵਾਰਕ ਮੈਂਬਰ ਹਨ, ਤਾਂ ਅਫ਼ਸਰ ਤੁਹਾਨੂੰ [ਬਹੁਵਚਨ] ਪਰਿਵਾਰਕ ਪੁਨਰ-ਏਕੀਕਰਨ 'ਤੇ ਤੁਹਾਡੇ [ਬਹੁਵਚਨ] ਅਧਿਕਾਰਾਂ ਬਾਰੇ ਸੂਚਿਤ ਕਰਨਗੇ। ਭੱਜਣ ਦੀ ਕੋਸ਼ਿਸ਼ ਨਾ ਕਰੋ।

ਤੁਸੀਂ [ਬਹੁਵਚਨ] ਇਸ ਦੇਸ਼ ਨੂੰ ਛੱਡਣ ਬਾਰੇ ਸੋਚ ਸਕਦੇ ਹੋ ਜਾਂ ਕੁਝ ਲੋਕ ਤੁਹਾਨੂੰ [ਬਹੁਵਚਨ] ਭੱਜਣ ਲਈ ਮਨਾਉਣ ਦੀ ਕੋਸ਼ਿਸ਼ ਕਰਨਗੇ। ਇਹ ਤੁਹਾਡੇ [ਬਹੁਵਚਨ] ਲਈ ਖ਼ਤਰਨਾਕ ਹੋ ਸਕਦਾ ਹੈ। ਤੁਸੀਂ ਅਤੇ ਤੁਹਾਡਾ ਪਰਿਵਾਰ ਸਟਾਫ਼ ਨਾਲ ਗੱਲਬਾਤ ਕਰ ਸਕਦੇ ਹੋ ਅਤੇ ਉਨ੍ਹਾਂ ਨੂੰ ਸਥਿਤੀ ਸਮਝਾ ਸਕਦੇ ਹੋ। ਸਟਾਫ਼  ਤੁਹਾਨੂੰ [ਬਹੁਵਚਨ] ਸਲਾਹ ਦੇ ਸਕਦਾ ਹੈ।


✖ ਜੇ ਤੁਸੀਂ [ਬਹੁਵਚਨ] ਭੱਜ ਜਾਂਦੇ ਹੋ, ਤਾਂ ਇਸ ਬਰੋਸ਼ਰ ਵਿੱਚ ਦੱਸੇ ਗਏ ਨਕਾਰਾਤਮਕ ਨਤੀਜੇ ਹੋਣਗੇ। ਉਦਾਹਰਣ ਵਜੋਂ, ਤੁਹਾਨੂੰ [ਬਹੁਵਚਨ] ਦੂਜੇ ਦੇਸ਼ ਵਿੱਚ ਘੱਟ ਰਿਸੈਪਸ਼ਨ ਸਹਾਇਤਾ ਮਿਲੇਗੀ।

✔ ਚੇਤੇ ਰੱਖੋ, ਤੁਹਾਨੂੰ [ਬਹੁਵਚਨ] ਆਪਣੀ [ਬਹੁਵਚਨ] ਸ਼ਰਣ ਅਰਜ਼ੀ ਨੂੰ EU+ ਦੇਸ਼ ਵਿੱਚ ਰਜਿਸਟਰ ਕਰਨਾ ਚਾਹੀਦਾ ਹੈ ਜਿੱਥੇ ਤੁਸੀਂ [ਬਹੁਵਚਨ] ਪਹਿਲੀ ਵਾਰ ਪਹੁੰਚੇ ਸੀ, ਜਦੋਂ ਤੱਕ ਕਿ ਅਫ਼ਸਰਾਂ ਨੇ ਤੁਹਾਨੂੰ [ਬਹੁਵਚਨ] ਹੋਰ ਜਾਣਕਾਰੀ ਨਾ ਦਿੱਤੀ ਹੋਵੇ।

✔ ਇਹਨਾਂ ਵਿੱਚੋਂ ਸਿਰਫ਼ ਇੱਕ ਦੇਸ਼ ਤੁਹਾਡੀ [ਬਹੁਵਚਨ] ਸ਼ਰਨ ਅਰਜ਼ੀ ਦੀ ਜਾਂਚ ਕਰਨ ਲਈ ਜ਼ਿੰਮੇਵਾਰ ਹੈ। ਲਿਥੁਆਨੀਆ ਦੇ ਅਫਸਰ ਤੁਹਾਨੂੰ [ਬਹੁਵਚਨ] ਦੱਸਣਗੇ ਕਿ ਕਿਹੜਾ ਦੇਸ਼ ਇਸ ਲਈ ਜ਼ਿੰਮੇਵਾਰ ਹੈ।

ਤੁਸੀਂ ਇਹਨਾਂ ਪ੍ਰਕਿਰਿਆਵਾਂ ਬਾਰੇ ਵੱਖਰੇ ਬਰੋਸ਼ਰਾਂ ਵਿੱਚ ਸਿੱਖੋਗੇ।

# ਜੇਕਰ ਤੁਸੀਂ ਅਤੇ ਤੁਹਾਡਾ ਪਰਿਵਾਰ EU+ ਦੇਸ਼ਾਂ ਵਿੱਚੋਂ ਕਿਸੇ ਇੱਕ ਵਿੱਚ ਭੱਜ ਜਾਂਦੇ ਹੋ ਤਾਂ ਕੀ ਹੁੰਦਾ ਹੈ?




**ਵਿੱਚ ਲਿਥੁਆਨੀਆ:**

- ਤੁਹਾਡੀ [ਬਹੁਵਚਨ] ਸ਼ਰਨ ਪ੍ਰਕਿਰਿਆ ਨੂੰ ਰੋਕਿਆ ਜਾ ਸਕਦਾ ਹੈ।

**ਦੂਜੇ EU+ ਦੇਸ਼ ਵਿੱਚ:**

- ਅਫ਼ਸਰ ਤੁਹਾਨੂੰ [ਬਹੁਵਚਨ] ਉਸ EU+ ਦੇਸ਼ ਵਿੱਚ ਵਾਪਸ ਭੇਜਣ ਦਾ ਫੈਸਲਾ ਕਰ ਸਕਦੇ ਹਨ ਜਿੱਥੇ ਤੋਂ ਤੁਸੀਂ [ਬਹੁਵਚਨ] ਛੱਡ ਕੇ ਆਏ ਸੀ।

ਉਸ ਸਮੇਂ ਤੋਂ ਅਫ਼ਸਰ ਤੁਹਾਨੂੰ [ਬਹੁਵਚਨ] ਵਾਪਸ ਭੇਜਣ ਦੇ ਫੈਸਲੇ ਬਾਰੇ ਸੂਚਿਤ ਕਰਦੇ ਹਨ, ਤੁਹਾਨੂੰ [ਬਹੁਵਚਨ] ਕੁਝ ਅਧਿਕਾਰਾਂ ਤੱਕ ਪਹੁੰਚ ਨਹੀਂ ਹੋਵੇਗੀ, ਉਦਾਹਰਣ ਵਜੋਂ:

- ਤੁਹਾਨੂੰ [ਬਹੁਵਚਨ] ਕੁਝ ਕਿਸਮ ਦੀ ਸਹਾਇਤਾ ਪ੍ਰਾਪਤ ਨਹੀਂ ਹੋਵੇਗੀ ਅਤੇ
- ਤੁਹਾਨੂੰ [ਬਹੁਵਚਨ] ਕੰਮ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ।

## ਜੇਕਰ ਤੁਸੀਂ [ਬਹੁਵਚਨ] ਅਫ਼ਸਰਾਂ ਦੁਆਰਾ ਕੀਤੇ ਗਏ ਫੈਸਲੇ ਨਾਲ ਸਹਿਮਤ ਨਹੀਂ ਹੋ ਤਾਂ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਕੌਣ ਮਦਦ ਕਰ ਸਕਦਾ ਹੈ?



ਤੁਸੀਂ [ਬਹੁਵਚਨ] ਇੱਕ ਕਾਨੂੰਨੀ ਸਲਾਹਕਾਰ ਤੋਂ ਮਦਦ ਮੰਗ ਸਕਦੇ ਹੋ। ਕੋਈ ਕਾਨੂੰਨੀ ਸਲਾਹਕਾਰ ਉਹ ਵਿਅਕਤੀ ਹੁੰਦਾ ਹੈ ਜੋ ਇਸ ਦੇਸ਼ ਦੇ ਨਿਯਮਾਂ ਨੂੰ ਜਾਣਦਾ ਹੈ, ਤੁਹਾਡੀ [ਬਹੁਵਚਨ] ਸਥਿਤੀ ਦਾ ਅਧਿਐਨ ਕਰ ਸਕਦਾ ਹੈ ਅਤੇ ਤੁਹਾਡੀ ਮਦਦ ਕਰ ਸਕਦਾ ਹੈ।

ਸਟਾਫ਼ ਤੁਹਾਨੂੰ [ਬਹੁਵਚਨ] ਗੈਰ-ਸਰਕਾਰੀ ਸੰਗਠਨਾਂ ਬਾਰੇ ਵੀ ਜਾਣਕਾਰੀ ਪ੍ਰਦਾਨ ਕਰੇਗਾ ਜੋ ਤੁਹਾਨੂੰ [ਬਹੁਵਚਨ] ਜਾਣਕਾਰੀ ਅਤੇ ਮਦਦ ਪ੍ਰਦਾਨ ਕਰ ਸਕਦੇ ਹਨ।




ਤੁਸੀਂ [ਬਹੁਵਚਨ] ਕਿਸੇ ਵੀ ਸਮੇਂ ਸੰਯੁਕਤ ਰਾਸ਼ਟਰ ਸ਼ਰਨਾਰਥੀ ਏਜੰਸੀ (UNHCR) ਨਾਲ ਸੰਪਰਕ ਕਰ ਸਕਦੇ ਹੋ। UNHCR ਉਨ੍ਹਾਂ ਲੋਕਾਂ ਦੀ ਰੱਖਿਆ ਕਰਦਾ ਹੈ ਜਿਨ੍ਹਾਂ ਨੂੰ ਆਪਣਾ ਦੇਸ਼ ਛੱਡਣ ਲਈ ਮਜਬੂਰ ਕੀਤਾ ਗਿਆ ਸੀ।

## ਜੇ ਕੁਝ ਸਹਾਇਤਾ ਬਦਲ ਜਾਂਦੀ ਹੈ ਤਾਂ ਕੀ ਹੁੰਦਾ ਹੈ?

ਜੇ ਅਥਾਰਟੀ ਕਿਸੇ ਪਰਿਵਾਰਕ ਮੈਂਬਰ ਨੂੰ ਪ੍ਰਾਪਤ ਹੋਣ ਵਾਲੀ ਕਿਸੇ ਸਥਿਤੀ ਦੇ ਕਾਰਨ ਕੁਝ ਕਿਸਮਾਂ ਦੀ ਸਹਾਇਤਾ ਨੂੰ ਸੀਮਤ ਜਾਂ ਰੱਦ ਕਰਨ ਦਾ ਫੈਸਲਾ ਕਰਦੇ ਹਨ ਜਿਵੇਂ ਕਿ ਪੰਨੇ 13 'ਤੇ ਦੱਸਿਆ ਗਿਆ ਹੈ, ਤਾਂ ਉਸ ਪਰਿਵਾਰਕ ਮੈਂਬਰ ਨੂੰ ਅਜੇ ਵੀ ਉਨ੍ਹਾਂ ਦੀ ਨਿੱਜੀ ਸਥਿਤੀ ਅਤੇ ਜ਼ਰੂਰਤਾਂ ਦੇ ਆਧਾਰ 'ਤੇ ਮਦਦ ਮਿਲੇਗੀ। ਉਹ ਅਜੇ ਵੀ ਡਾਕਟਰ ਜਾਂ ਨਰਸ ਨੂੰ ਮਿਲਣ, ਡਾਕਟਰੀ ਮਦਦ ਪ੍ਰਾਪਤ ਕਰਨ, ਕੁਝ ਮਦਦ [*ਉਦਾਹਰਨਾਂ ਜਿਵੇਂ ਕਿ ਭੋਜਨ*] ਅਤੇ ਅਫ਼ਸਰਾਂ ਦੁਆਰਾ ਨਿਰਧਾਰਤ ਜਗ੍ਹਾ 'ਤੇ ਸੌਣ ਲਈ ਜਗ੍ਹਾ ਪ੍ਰਾਪਤ ਕਰਨ ਦੇ ਯੋਗ ਹੋਣਗੇ।



ਜਦੋਂ ਅਫ਼ਸਰ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਪ੍ਰਦਾਨ ਕੀਤੀ ਗਈ ਰਿਸੈਪਸ਼ਨ ਸਹਾਇਤਾ ਨੂੰ ਰੱਦ ਕਰਨ ਦਾ ਫੈਸਲਾ ਕਰਦੇ ਹਨ ਕਿਉਂਕਿ ਤੁਸੀਂ [ਬਹੁਵਚਨ] ਕਿਸੇ ਹੋਰ EU+ ਦੇਸ਼ ਭੱਜ ਜਾਂਦੇ ਹੋ, ਤਾਂ ਤੁਹਾਨੂੰ [ਬਹੁਵਚਨ] ਕਿਸ ਕਿਸਮ ਦੀ ਸਹਾਇਤਾ ਮਿਲੇਗੀ ਇਹ ਤੁਹਾਡੀ [ਬਹੁਵਚਨ] ਸਥਿਤੀ ਅਤੇ ਜ਼ਰੂਰਤਾਂ 'ਤੇ ਨਿਰਭਰ ਕਰੇਗਾ।

ਤੁਸੀਂ ਅਜੇ ਵੀ ਸਕੂਲ ਜਾ ਸਕੋਗੇ।

# ਸੰਪਰਕ ਦੇ ਵੇਰਵੇ

ਜੇ ਤੁਹਾਡੇ ਅਤੇ ਤੁਹਾਡੇ ਪਰਿਵਾਰ ਦੇ ਕੋਈ ਸਵਾਲ ਹਨ ਜਾਂ ਤੁਹਾਨੂੰ [ਬਹੁਵਚਨ] ਆਪਣੇ [ਬਹੁਵਚਨ] ਰਹਿਣ ਦੌਰਾਨ ਸਹਾਇਤਾ ਦੀ ਲੋੜ ਹੈ, ਤਾਂ ਤੁਸੀਂ [ਬਹੁਵਚਨ] ਇੱਥੇ ਕੰਮ ਕਰਨ ਵਾਲੇ ਸਟਾਫ਼ ਨਾਲ ਗੱਲਬਾਤ ਕਰ ਸਕਦੇ ਹੋ:

| ਰਿਸੈਪਸ਼ਨ ਅਥਾਰਟੀ | |
|---|---|
| Reception and Integration Agency | info@piia.lt +370 602 49364 |

| ਹੋਰ ਸੰਬੰਧਿਤ ਅਥਾਰਟੀ | |
|---|---|
| ਮਾਈਗ੍ਰੇਸ਼ਨ ਡਿਪਾਰਟਮੈਂਟ | info@migracija.gov.lt +370 707 67000 |

| ਹੋਰ ਸੰਬੰਧਿਤ ਅਥਾਰਟੀ | |
|---|---|
| ਸਟੇਟ ਬਾਰਡਰ ਗਾਰਡ ਸਰਵਿਸ | dvks@vsat.vrm.lt +370 707 59305 |

ਇਸ ਨਾਲ ਸਬੰਧਤ ਸਵਾਲਾਂ ਲਈ ਤੁਸੀਂ [ਬਹੁਵਚਨ] ਇਹਨਾਂ ਸੰਗਠਨਾਂ ਨਾਲ ਵੀ ਸੰਪਰਕ ਕਰ ਸਕਦੇ ਹੋ:

| ਮੈਡੀਕਲ ਮਦਦ | |
|---|---|
|  | ਰਿਸੀਪਸ਼ਨ ਐਂਡ ਇੰਟੀਗ੍ਰੇਸ਼ਨ ਏਜੰਸੀ<br>info@piia.lt +370 602 49364<br>ਜਾਂ ਏਜੰਸੀ ਦੇ ਅੰਦਰ ਕਿਸੇ ਮਾਹਿਰ ਸਟਾਫ਼ |

## ਮਨੋਵਿਗਿਆਨਕ ਸਹਾਇਤਾ



ਵਿਲਨੀਅਸ ਆਰਚਡਾਇਓਸਿਸ ਦੀ ਕੈਰੀਟਾਸ: kulturunamai@vilnius.caritas.lt
+370 673 48052
ਰਿਸੀਪਸ਼ਨ ਐਂਡ ਇੰਟੀਗ੍ਰੇਸ਼ਨ ਏਜੰਸੀ
info@piia.lt +370 602 49364
ਜਾਂ ਏਜੰਸੀ ਦੇ ਅੰਦਰ ਕਿਸੇ ਮਾਹਿਰ ਸਟਾਫ਼ ਨਾਲ ਸੰਪਰਕ ਕਰੋ
ਬੱਚਿਆਂ ਅਤੇ ਨੌਜਵਾਨਾਂ ਲਈ ਗੁਪਤ ਜਜ਼ਬਾਤੀ ਮਦਦ:
116 111 (ਸਵੇਰੇ 11:00 ਤੋਂ ਅੱਧੀ ਰਾਤ 00:00 ਵਜੇ ਤੱਕ)
ਆਨਲਾਈਨ ਚੈਟ ਰਾਹੀਂ ਮਦਦ (ਦੁਪਹਿਰ 14:00 ਤੋਂ ਰਾਤ 23:00 ਵਜੇ ਤੱਕ)
www.vaikulinija.lt
ਨੌਜਵਾਨਾਂ ਲਈ ਜਜ਼ਬਾਤੀ ਮਦਦ:
+370 800 28888 (24 ਘੰਟੇ / 7 ਦਿਨ)
ਆਨਲਾਈਨ ਚੈਟ ਰਾਹੀਂ ਮਦਦ (24 ਘੰਟੇ / 7 ਦਿਨ)
www.jaunimolinija.lt

## ਬਾਲ ਸੁਰੱਖਿਆ



### ਸਰਕਾਰੀ ਬਾਲ ਅਧਿਕਾਰ ਸੁਰੱਖਿਆ ਅਤੇ ਬੱਚਾ ਗੋਦ ਲੈਣ ਦੀ ਸੇਵਾ

info@vaikoteises.lt 0 800 10 800

## ਖ਼ਤਰੇ ਵਿੱਚ ਬੱਚਿਆਂ ਲਈ ਹੈਲਪਲਾਈਨ



ਜੇਕਰ ਤੁਸੀਂ ਅਣਗੌਲਿਆ ਮਹਿਸੂਸ ਕਰਦੇ ਹੋ ਜਾਂ ਖ਼ਤਰੇ ਵਿੱਚ ਹੋ, ਤਾਂ ਤੁਸੀਂ ਸੋਮਵਾਰ ਤੋਂ ਸ਼ਨੀਵਾਰ, ਸਵੇਰੇ 8:00 ਤੋਂ ਰਾਤ 20:00 ਵਜੇ ਤੱਕ 0 800 10 800 'ਤੇ ਕਾਲ ਕਰ ਸਕਦੇ ਹੋ।
ਕੰਮ ਦੇ ਘੰਟਿਆਂ ਤੋਂ ਬਾਅਦ, ਛੁੱਟੀ ਵਾਲੇ ਦਿਨਾਂ, ਜਾਂ ਸਰਕਾਰੀ ਛੁੱਟੀਆਂ ਦੌਰਾਨ ਬੱਚਿਆਂ ਦੇ ਅਧਿਕਾਰਾਂ ਦੀ ਕਿਸੇ ਸ਼ੱਕੀ ਉਲੰਘਣਾ ਦੀ ਰਿਪੋਰਟ ਕਰਨ ਲਈ, ਕਿਰਪਾ ਕਰਕੇ ਐਮਰਜੈਂਸੀ ਨੰਬਰ 112 ਰਾਹੀਂ ਐਮਰਜੈਂਸੀ ਸੇਵਾਵਾਂ ਨਾਲ ਸੰਪਰਕ ਕਰੋ।
ਬੱਚਿਆਂ ਅਤੇ ਨੌਜਵਾਨਾਂ ਲਈ ਗੁਪਤ ਜਜ਼ਬਾਤੀ ਮਦਦ: 116 111 (ਸਵੇਰੇ 11:00 ਤੋਂ ਰਾਤ 23:00 ਵਜੇ ਤੱਕ) ਆਨਲਾਈਨ: https://www.vaikulinija.lt/ (ਦੁਪਹਿਰ 14:00 ਤੋਂ ਰਾਤ 23:00 ਵਜੇ ਤੱਕ)

## ਕਾਨੂੰਨੀ ਸਲਾਹ, ਸਹਾਇਤਾ ਅਤੇ ਪ੍ਰਤੀਨਿਧਤਾ



ਰਾਜ ਦੁਆਰਾ ਗਾਰੰਟੀਸ਼ੁਦਾ ਕਾਨੂੰਨੀ ਮਦਦ : teisines.paslaugos@piia.lt +370 602 49364
ਲਿਥੁਆਨੀਅਨ ਰੈੱਡ ਕਰਾਸ ਸੋਸਾਇਟੀ:
ਕਾਨੂੰਨੀ ਸਲਾਹ legal@redcross.lt;
ਪਰਿਵਾਰ ਦੇ ਮੈਂਬਰਾਂ ਅਤੇ ਰਿਸ਼ਤੇਦਾਰਾਂ ਦੀ ਭਾਲ ਅਤੇ ਉਹਨਾਂ ਨੂੰ ਆਪਸ ਵਿੱਚ ਜੋੜਨਾ
tracing@redcross.lt

**ਸੰਯੁਕਤ ਰਾਸ਼ਟਰ ਸ਼ਰਨਾਰਥੀ ਏਜੰਸੀ (UNHCR)**
ਸ਼ਰਨ ਮੰਗਣ ਵਾਲਿਆਂ ਅਤੇ ਸ਼ਰਨਾਰਥੀਆਂ ਦੇ ਹਿੱਤਾਂ ਅਤੇ ਅਧਿਕਾਰਾਂ ਦੀ ਰੱਖਿਆ ਕਰਦੀ ਹੈ।




ਲਿਥੁਆਨੀਆ ਵਿੱਚ UNHCR ਬਾਰੇ - UNHCR ਲਿਥੁਆਨੀਆ

**ਫ਼ੋਨ:**

ਨੋਰਡਿਕ ਅਤੇ ਬਾਲਟਿਕ ਦੇਸ਼ਾਂ ਲਈ UNHCR ਦੀ ਪ੍ਰਤੀਨਿਧਤਾ (ਸਟਾਕਹੋਮ, ਸਵੀਡਨ): 📞 +46 10 10 12 800 (ਸੋਮਵਾਰ ਤੋਂ ਸ਼ੁੱਕਰਵਾਰ, ਸਟਾਕਹੋਮ ਦੇ ਸਮੇਂ ਮੁਤਾਬਕ ਸਵੇਰੇ 10:00 ਤੋਂ ਦੁਪਹਿਰ 12:00 ਵਜੇ ਤੱਕ)

UNHCR ਦਾ ਸੰਪਰਕ ਦਫ਼ਤਰ (ਵਿਲਨੀਅਸ, ਲਿਥੁਆਨੀਆ): 📞 +370 5210 7416 (ਸੋਮਵਾਰ ਤੋਂ ਸ਼ੁੱਕਰਵਾਰ, ਵਿਲਨੀਅਸ ਦੇ ਸਮੇਂ ਮੁਤਾਬਕ ਸਵੇਰੇ 9:00 ਤੋਂ ਸ਼ਾਮ 17:00 ਵਜੇ ਤੱਕ)

**ਈਮੇਲ**: 🖂 swestprotection@unhcr.org

| | |
|---|---|
| **ਲਿਥੁਆਨੀਅਨ ਰੈੱਡ ਕਰਾਸ: ਨਿਗਰਾਨੀ** | 🖂 stebesena@redcross.lt 📞 +370 682 16597 |
| ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫਾਰ ਮਾਈਗ੍ਰੇਸ਼ਨ (IOM) ਵਿਲਨੀਅਸ ਦਫ਼ਤਰ | ਸਵੈ-ਇੱਛਤ ਵਾਪਸੀ ਵਿੱਚ ਮਦਦ ਅਤੇ ਮੁੜ-ਵਸੇਬਾ ਸਹਾਇਤਾ 📞 +370 8 001 2342, 🖂 iomvilnius@iom.int |

ਜੇ ਤੁਹਾਨੂੰ ਕੋਈ ਡਾਕਟਰੀ ਐਮਰਜੈਂਸੀ ਹੈ ਅਤੇ ਤੁਸੀਂ ਖ਼ਤਰੇ ਵਿੱਚ ਹੋ, ਤਾਂ ਤੁਰੰਤ ਆਪਣੇ ਮਾਪਿਆਂ ਅਤੇ ਸਟਾਫ਼ ਨੂੰ ਦੱਸੋ। ਉਹ ਤੁਹਾਡੀ ਮਦਦ ਕਰਨਗੇ!

ਜੇ ਤੁਸੀਂ ਅਤੇ ਤੁਹਾਡਾ ਪਰਿਵਾਰ ਉਸ ਜਗ੍ਹਾ ਤੋਂ ਬਾਹਰ ਹੋ ਜਿੱਥੇ ਤੁਸੀਂ [ਬਹੁਵਚਨ] ਰਹਿ ਰਹੇ ਹੋ ਅਤੇ ਤੁਹਾਡਾ [ਬਹੁਵਚਨ] ਕੋਈ ਹਾਦਸਾ ਹੋਇਆ ਹੈ ਜਾਂ ਤੁਸੀਂ [ਬਹੁਵਚਨ] ਖ਼ਤਰੇ ਵਿੱਚ ਹੋ, ਤਾਂ ਤੁਸੀਂ [ਬਹੁਵਚਨ] ਇਸ ਐਮਰਜੈਂਸੀ ਨੰਬਰ 'ਤੇ ਮੁਫ਼ਤ ਕਾਲ ਕਰ ਸਕਦੇ ਹੋ:

**ਮੈਡੀਕਲ ਐਮਰਜੈਂਸੀ:112**

**ਪੁਲਿਸ: 112**

ਜੇਕਰ ਤੁਹਾਡੇ ਕੋਲ ਫ਼ੋਨ ਨਹੀਂ ਹੈ, ਤਾਂ ਤੁਸੀਂ ਕਿਸੇ ਹੋਰ ਨੂੰ ਆਪਣੇ ਲਈ ਐਮਰਜੈਂਸੀ ਨੰਬਰ 'ਤੇ ਕਾਲ ਕਰਨ ਲਈ ਕਹਿ ਸਕਦੇ ਹੋ।

ਇਹ ਬਰੋਸ਼ਰ ਸਿਰਫ਼ ਜਾਣਕਾਰੀ ਦੇ ਉਦੇਸ਼ਾਂ ਲਈ ਹੈ। ਇਹ ਆਪਣੇ ਆਪ ਵਿੱਚ ਅਧਿਕਾਰ ਜਾਂ ਜ਼ਿੰਮੇਵਾਰੀਆਂ ਸਿਰਜਿਤ ਨਹੀਂ ਕਰਦਾ ਹੈ। ਯੂਰਪੀਅਨ ਯੂਨੀਅਨ ਏਜੰਸੀ ਫਾਰ ਅਸਾਇਲਮ (EUAA) ਨੇ ਇਸ ਸਮੱਗਰੀ ਦਾ ਮੁੱਖ ਭਾਗ ਪ੍ਰਦਾਨ ਕੀਤਾ ਹੈ,
ਅਤੇ ਇਸ ਬਰੋਸ਼ਰ ਦੀ ਪ੍ਰਤੀ ਬਣਾਉਣ ਅਤੇ ਸੋਧ EUAA ਦੁਆਰਾ ਸਿਰਫ਼ EU ਮੈਂਬਰ ਰਾਜਾਂ ਲਈ ਅਧਿਕਾਰਤ ਹੈ। EUAA ਇਸ ਬਰੋਸ਼ਰ ਵਿੱਚ ਸ਼ਾਮਲ ਜਾਣਕਾਰੀ ਦੀ ਸ਼ੁੱਧਤਾ, ਸਮੱਗਰੀ, ਸੰਪੂਰਨਤਾ, ਕਾਨੂੰਨੀਤਾ ਜਾਂ ਭਰੋਸੇਯੋਗਤਾ ਲਈ EU ਮੈਂਬਰ ਰਾਜਾਂ ਜਾਂ ਕਿਸੇ ਹੋਰ ਜ਼ਿੰਮੇਵਾਰ ਤੀਜੀ ਧਿਰ ਦੁਆਰਾ ਕੋਈ ਜ਼ਿੰਮੇਵਾਰੀ ਜਾਂ ਦੇਣਦਾਰੀ ਸਵੀਕਾਰ ਨਹੀਂ ਕਰਦਾ ਹੈ। ਇਸ ਬਰੋਸ਼ਰ ਵਿੱਚ ਦਿੱਤੀ ਗਈ ਜਾਣਕਾਰੀ ਦੀ ਵਰਤੋਂ ਲਈ ਨਾ ਤਾਂ EUAA ਅਤੇ ਨਾ ਹੀ EUAA ਵੱਲੋਂ ਕੰਮ ਕਰਨ ਵਾਲਾ ਕੋਈ ਵੀ ਵਿਅਕਤੀ ਜ਼ਿੰਮੇਵਾਰ ਹੈ।

© ਯੂਰਪੀਅਨ ਯੂਨੀਅਨ ਏਜੰਸੀ ਫਾਰ ਅਸਾਇਲਮ, 2025